ੴ

ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਾਨਕ ਰਾਜੁ ਚਲਾਇਆ, ਸਚੁ ਕੋਟੁ ਸਤਾਣੀ ਨੀਵਦੈ

ਵਿਸ਼ਵ ਨਾਮਧਾਰੀ ਸੰਗਤ (ਰਜਿ.)

ਗੁਰਦੁਆਰਾ ਸ੍ਰੀ ਭੈਣੀ ਸਾਹਿਬ-141 126 ਜ਼ਿਲ੍ਹਾ ਲੁਧਿਆਣਾ (ਪੰਜਾਬ)

ਫੋਨ : 0161-2834404, 2833262, ਫੈਕਸ : 2834871

Namdhari Elibrary NamdhariElibrary@gmail.com

ਚੌਪਈ'..........................

ਨਾਨਕ ਅੰਗਦ ਕੋ ਬਪੁ ਧਰਾ।।
ਧਰਮ ਪ੍ਰਚੁਰਿ ਇਹ ਜਗ ਮੋ ਕਰਾ।।
ਅਮਰ ਦਾਸ ਪੁਨਿ ਨਾਮ ਕਹਾਯੋ।।
ਜਨੁ ਦੀਪਕ ਤੇ ਦੀਪ ਜਗਾਯੋ।।

ਸ੍ਰੀ ਨਾਨਕ ਅੰਗਦਿ ਕਰਿ ਮਾਨਾ।।
ਅਮਰਦਾਸ ਅੰਗਦ ਪਹਿਚਾਨਾ।।
ਅਮਰਦਾਸ ਰਾਮਦਾਸ ਕਹਾਯੋ।।
ਸਾਧਨ ਲਖਾ ਮੂੜ੍ਹ ਨਹਿ ਪਾਯੋ।।

ਭਿੰਨ ਭਿੰਨ ਸਭਹੂੰ ਕਰਿ ਜਾਨਾ।।
ਏਕ ਰੂਪ ਕਿਨਹੂੰ ਪਹਿਚਾਨਾ।।
ਜਿਨ ਜਾਨਾ ਤਿਨ ਹੀ ਸਿਧਿ ਪਾਈ।।
ਬਿਨੁ ਸਮਝੇ ਸਿਧਿ ਹਾਥਿ ਨ ਆਈ।।

Namdhari Elibrary NamdhariElibrary@gmail.com

''ਸਤਿਗੁਰ ਨਾਨਕ ਪ੍ਰਗਟਿਆ,
ਮਿਟੀ ਧੁੰਧ ਜਗ ਚਾਨਣ ਹੋਆ।
ਜਿਉ ਕਰ ਸੂਰਜ ਨਿਕਲਿਆ,
ਤਾਰੇ ਛਿਪੇ ਅੰਧੇਰ ਪਲੋਆ।। (ਭਾਈ ਗੁਰਦਾਸ ਜੀ)

ਅਧਰਮ ਅਤੇ ਅਗਿਆਨਤਾ ਦੇ ਅੰਧਕਾਰ ਵਿੱਚ ਸਤਿਗੁਰੂ ਨਾਨਕ ਦੇਵ ਜੀ ਗਿਆਨ ਦਾ ਸੂਰਜ ਬਣ ਪ੍ਰਗਟੇ ਅਤੇ 'ਸਾਰਾ ਕਲਿਜੁਗ ਭੋਗਸੀ ਨਾਨਕ ਧਰ ਅਵਤਾਰ'' - ਦਾ ਇਕਰਾਰ ਵੀ ਕੀਤਾ। ਆਪ ਨੇ ਆਪਣੀ ਹੀ ਸਾਜੀ ਸੰਗਤ ਨੂੰ ਨਿਵਾਜਣ ਲਈ ਆਪਣੇ ਹੀ ਅੰਗ ਤੋਂ ਲਹਿਣੇ ਨੂੰ ਅੰਗਦ ਬਣਾ ਕੇ ਗੁਰ-ਪੀੜੀ ਦੀ ਅਬਿਚਲ-ਨੀਵ ਧਰੀ। ਇਹ ਸਤਿਗੁਰੂ ਨਾਨਕ ਦੇਵ ਜੀ ਦੀ ਜੋਤ ਭਾਵੇਂ ਸਤਿਗੁਰੂ ਅਮਰਦਾਸ ਜੀ ਦੀ ਬਿਰਧ ਅਵਸਥਾ 'ਚ ਪ੍ਰਗਟ ਹੋਈ, ਭਾਵੇਂ ਸਤਿਗੁਰੂ ਹਰਿਗੋਬਿੰਦ ਜੀ ਦੀ ਯੁਵਾ ਅਵਸਥਾ 'ਚ ਜਾਂ ਸਤਿਗੁਰੂ ਹਰਿ ਕ੍ਰਿਸ਼ਨ ਜੀ ਦੀ ਬਾਲ ਅਵਸਥਾ 'ਚ ਇਸ ਜੋਤ ਨੇ ਆਪਣੇ ਗਿਆਨ ਅਤੇ ਪ੍ਰੇਮ-ਭਗਤੀ ਦੇ ਪ੍ਰਕਾਸ਼ ਨਾਲ ਚੁਫੇਰੇ ਨੂੰ ਰੁਸ਼ਨਾਇਆ। - ਸ੍ਰੀ ਗੁਰੂ ਨਾਨਕ ਦੇਵ ਜੀ ਦੇ ''ਰਾਜ ਯੋਗ ਤਖ਼ਤ'' ਤੇ ਤਖਤੇ ਕੀ ਲਾਇਕ ਹੀ ਬਿਰਾਜਮਾਨ ਹੁੰਦੇ ਆਏ ਹਨ।

ਜਿਵੇਂ ਕਿਸੇ ਵਿਅਕਤੀ ਨੂੰ ਚੌਂਧੀ ਲੱਗਣ ਤੇ ਸੂਰਜ ਗਲਤ ਦਿਸ਼ਾ 'ਚੋਂ ਚੜ੍ਹਦਾ ਜਾਪਣ ਲਗ ਪੈਂਦਾ ਹੈ, ਨਦੀਆਂ ਦੇ ਵਹਿਣ ਉਲਟੇ ਪ੍ਰਤੀਤ ਹੁੰਦੇ ਹਨ। ਇਵੇਂ ਹੀ ਪੂਰਵ ਸਤਿਗੁਰੂ ਸਾਹਿਬਾਨ ਦੇ ਸਮੇਂ ਤੋਂ ਕਈਆਂ ਸਿੱਖਾਂ ਨੂੰ ਅਜੇ ਹੀ ਚੌਂਧੀ ਲੱਗੀ। ਇਹ ਚੌਂਧੀ ਲੱਗੀ ਅਗਿਆਨਤਾ ਅਤੇ ਬੇ ਸਰਧੀ ਦੀ। ਅਜੇਹੇ ਅਗਿਆਨੀ ਪੁਰਸ਼ਾਂ ਲਈ ਸ੍ਰੀ ਗੁਰੂ

Namdhari Elibrary NamdhariElibrary@gmail.com

ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ :

ਦੋਹਰਾ :

ਤਿਨ ਬੇਦੀਅਨ ਕੀ ਕੁਲ ਬਿਖੈ ਪ੍ਰਗਟੇ ਨਾਨਕ ਰਾਇ
ਸਭ ਸਿੱਖਨ ਕੋਇ ਸੁਖ ਦਏ ਜਹ ਤਹ ਭਏ ਸਹਾਇ।।

ਚੌਪਈ ''..........................

ਨਾਨਕ ਅੰਗਦ ਕੋ ਬਪੁ ਧਰਾ।।
ਧਰਮ ਪ੍ਰਚੁਰਿ ਇਹ ਜਗ ਮੋ ਕਰਾ।।
ਅਮਰ ਦਾਸ ਪੁਨਿ ਨਾਮ ਕਹਾਯੋ।।
ਜਨੁ ਦੀਪਕ ਤੇ ਦੀਪ ਜਗਾਯੋ।।

ਸ੍ਰੀ ਨਾਨਕ ਅੰਗਦਿ ਕਰਿ ਮਾਨਾ।।
ਅਮਰਦਾਸ ਅੰਗਦ ਪਹਿਚਾਨਾ।।
ਅਮਰਦਾਸ ਰਾਮਦਾਸ ਕਹਾਯੋ।।
ਸਾਧਨ ਲਖਾ ਮੂੜ੍ਹ ਨਹਿ ਪਾਯੋ।।

ਭਿੰਨ ਭਿੰਨ ਸਭਹੂੰ ਕਰਿ ਜਾਨਾ।।
ਏਕ ਰੂਪ ਕਿਨਹੂੰ ਪਹਿਚਾਨਾ।।
ਜਿਨ ਜਾਨਾ ਤਿਨ ਹੀ ਸਿਧਿ ਪਾਈ।।
ਬਿਨੁ ਸਮਝੇ ਸਿਧਿ ਹਾਥਿ ਨ ਆਈ।।

ਸ੍ਰੀ ਦਸਮੇਸ਼ ਜੀ ਦੇ ਅਨੁਸਾਰ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੀ ਜੋਤਿ ਦੀਵੇ ਤੋਂ ਦੀਵੇ ਦੇ ਜਗਣ ਵਾਂਗ ਸਾਰੇ ਸਤਿਗੁਰੂ ਸਾਹਿਬਾਨ 'ਚ ਪ੍ਰਕਾਸ਼ਮਾਨ ਹੁੰਦੀ ਆਈ। ਸਿੱਖਾਂ ਨੇ, ਗੁਰਮੁਖਾਂ ਨੇ, ਸਾਧੂਆਂ ਨੇ ਤਾਂ 'ਆਦਿ ਅੰਤਿ ਏਕੈ ਅਵਤਾਰਾ ਦੇ ਸਿਧਾਂਤ ਨੂੰ ਜਾਣ ਲਿਆ, ਸਮਝ ਲਿਆ।

Namdhari Elibrary NamdhariElibrary@gmail.com

ਮਨਮੁੱਖਾਂ ਨੇ ਵੱਖੋ-ਵੱਖ ਹੀ ਜਾਣਿਆ। ਜਿਨ੍ਹਾਂ ਗੁਰਮੁਖ ਸਿੱਖਾਂ ਨੇ ਸਾਰੇ ਸਤਿਗੁਰੂ ਸਾਹਿਬਾਨ ਨੂੰ 'ਏਕ ਜੋਤਿ' ਹੀ ਜਾਣਿਆ, ਉਨ੍ਹਾਂ ਦਾ ਹੀ ਨਾਮ-ਬਾਣੀ, ਸੇਵਾ-ਸਿਮਰਨ ਸਫਲ ਹੋਇਆ, ਘਾਲਿ ਥਾਇ ਪਈ। ਉਨ੍ਹਾਂ ਨੂੰ ਰਿੱਧੀਆਂ ਸਿੱਧੀਆਂ ਪ੍ਰਾਪਤ ਹੋਈਆਂ। 'ਆਦਿ ਅੰਤਿ ਮਧਿ ਪ੍ਰਭੁ ਸੋਈ' ਦੇ ਸਿਧਾਂਤ ਨੂੰ ਸਮਝਣ ਤੋਂ ਬਿਨਾਂ ਜਪੁ ਤਪੁ ਬੇਅਰਥ ਹੀ ਗਏ।

ਸੰਸਾਰ ਵਿੱਚ ਦੋ ਬਾਦਸ਼ਾਹੀਆਂ ਸਮਾਜ ਦੀ ਸਿਰਜਨਾ ਦੇ ਵਕਤ ਤੋਂ ਹੀ ਚੱਲੀਆਂ ਆ ਰਹੀਆਂ ਹਨ। ਇੱਕ ਦੁਨਿਆਵੀ ਬਾਦਸ਼ਾਹੀ ਦੂਸਰੀ ਸੱਚੀ ਪਾਤਸ਼ਾਹੀ। ਇਨ੍ਹਾਂ ਦੋਹਾਂ ਬਾਦਸ਼ਾਹੀਆਂ ਦੇ ਤਖ਼ਤ ਨਸ਼ੀਨਾਂ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ। ਜਿਥੇ ਦੁਨਿਆਵੀ ਤਖ਼ਤਾਂ ਦੇ ਮਾਲਕ ਪਦਾਰਥਵਾਦੀ ਵਿਚਾਰਧਾਰਾ ਦੇ ਸੰਕੁਚਤ ਘੇਰੇ ਵਿੱਚ ਬੱਝੇ ਹੁੰਦੇ ਹਨ, ਉਥੇ ਸੱਚੀ ਪਾਤਸ਼ਾਹੀ ਦਾ ਤਖ਼ਤ-ਨਸ਼ੀ ਧੁਰੋਂ ਹੀ ਹਿਰਦੇ ਦੀ ਵਿਸ਼ਾਲਤਾ, ਨਿਮਰਤਾ, ਨਿਰਭੈਤਾ ਜਿਹੇ ਰੱਬੀ ਗੁਣਾਂ ਦੀ ਥਾਪਨਾ ਲੈ ਕੇ ਆਇਆ ਕਰਦੇ ਹਨ। ਪਰ ਇਤਿਹਾਸ ਗਵਾਹ ਹੈ ਸੱਚੀਆਂ ਪਾਤਸ਼ਾਹੀਆਂ ਨੇ ਦੁਨਿਆਵੀ ਬਾਦਸ਼ਾਹੀਆਂ ਦੀ ਕਦੇ ਈਨ ਨਹੀਂ ਮੰਨੀ। ਸਿੱਖ ਇਤਿਹਾਸ ਵਿੱਚ ਅਜਿਹੇ ਅਨੇਕਾਂ ਵਾਕਿਆਤ ਹਨ। ਪੰਜਵੇਂ ਪਾਤਸ਼ਾਹ ਗੁਰੂ ਅਰਜੁਨ ਦੇਵ ਜੀ ਨੇ ਦੁਨਿਆਵੀ ਬਾਦਸ਼ਾਹੀ ਦੀ ਈਨ ਨਾ ਮੰਨਦਿਆਂ ਸ਼ਹੀਦੀ ਦਿੱਤੀ। ਗੁਰੂ ਹਰਿਰਾਇ ਸਾਹਿਬ ਨੇ ਔਰੰਗਜ਼ੇਬ ਦੇ ਦਰਬਾਰ ਵਿੱਚ ਹਾਜ਼ਰ ਹੋਣ ਤੋਂ ਇਨਕਾਰ ਕਰ ਦਿੱਤਾ। ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੇ ਦੁਨਿਆਵੀ ਬਾਦਸ਼ਾਹੀ ਦੇ ਰੂ-ਬ-ਰੂ ਹੋਣਾ ਪ੍ਰਵਾਨ ਨਾ ਕਰਦਿਆਂ ਸਰੀਰ ਛੱਡ ਦਿੱਤਾ। ਇਵੇਂ ਹੀ ਸਤਿਗੁਰੂ

Namdhari Elibrary NamdhariElibrary@gmail.com

ਪ੍ਰਤਾਪ ਸਿੰਘ ਜੀ ਨੇ ਵੀ ਸਰਕਾਰੀ ਹੁਕਮ ਅੱਗੇ ਨਾ ਝੁਕਦਿਆਂ ਸਰਕਾਰੀ ਅਦਾਲਤ ਵਿੱਚ ਪੇਸ਼ ਹੋਣ ਤੋਂ ਇਨਕਾਰ ਕਰ ਦਿੱਤਾ ਸੀ। ਕਿਉਂਕਿ ਸਰਕਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਜੀਵਨ ਨਗਰ ਇਲਾਕੇ ਵਿੱਚ ਕੀਤੀ ਜ਼ਮੀਨੀ ਵੰਡ ਨੂੰ ਤੋੜਨਾ ਚਾਹੁੰਦੀ ਸੀ। ਇਸੇ ਕਾਰਨ ਸਰਕਾਰ ਸਤਿਗੁਰੂ ਜੀ ਨੂੰ ਅਦਾਲਤ ਵਿੱਚ ਤਲਬ ਕਰਨਾ ਚਾਹੁੰਦੀ ਸੀ ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੁਕਮ ਕੀਤਾ। **''ਮੈਂ ਝੂਠੀ ਕਚਿਹਰੀ ਵਿੱਚ ਪੇਸ਼ ਨਹੀਂ ਹੋਣਾ।''** ਸਤਿਗੁਰੂ ਜੀ ਨੂੰ ਅਦਾਲਤ ਵਿੱਚ ਹਾਜ਼ਰ ਹੋਣ ਲਈ ਸੰਮਨ ਭੇਜੇ ਗਏ, ਪਰ ਸਤਿਗੁਰੂ ਜੀ ਦੇਹ ਕਰਕੇ ਢਿੱਲੇ ਹੋ ਗਏ ਅਤੇ ਅਦਾਲਤ ਵਿੱਚ ਹਾਜ਼ਰੀ ਨਹੀਂ ਭਰੀ। ਦੂਸਰੀ ਵਾਰ ਫਿਰ ਹਾਜ਼ਰ ਹੋਣ ਲਈ ਕਿਹਾ ਗਿਆ, ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਤੋਂ ਦੋ ਦਿਨ ਪਹਿਲੋਂ ਹੀ 21/22 ਅਗਸਤ 1959 ਦੀ ਰਾਤ ਨੂੰ ਸਰੀਰ ਛੱਡ ਦਿੱਤਾ, ਪਰ ਦੁਨਿਆਵੀ ਅਦਾਲਤ ਵਿੱਚ ਪੇਸ਼ ਹੋਣਾ ਪ੍ਰਵਾਨ ਨਹੀਂ ਕੀਤਾ।

ਇਨ੍ਹਾਂ ਅੰਤਮ ਪਲਾਂ ਤੋਂ ਕੁਝ ਕੁ ਮਹੀਨੇ ਪਹਿਲੋਂ ਦੀਆਂ ਯਾਦਾਂ ਵਹਿਮੀ ਜੀ ਨੇ ਆਪਣੀ ਲਿਖਤ ਜਸ-ਜੀਵਨ ਵਿੱਚ ਲਿਖੀਆਂ ਹਨ। ਵਹਿਮੀ ਜੀ ਲਿਖਦੇ ਹਨ:

''੨੬ ਵੈਸਾਖ ੨੦੧੬ ਹੀ ਸਭ ਡੇਰੇ ਦੇ ਮੁਖਤਾਰਾਂ ਤੇ ਸੇਵਾਦਾਰਾਂ ਨੂੰ ਸੱਦ ਕਿਹਾ, ਸਭ ਮੇਰਾ ਕਿਹਾ ਕੰਨ੍ਹਾਂ ਤੋਂ ਪੱਗ ਲਾਹ ਕੇ ਸੁਣ ਲਵੋ। ਅਜ ਤੋਂ ਜਿਸ ਨੇ ਇਸ ਜਗਜੀਤ ਸਿੰਘ ਦੇ ਆਖੇ ਵਿੱਚ ਰਹਿਣਾ ਹੈ ਉਹ ਇਥੇ ਰਵੇ। ਦੂਜਾ ਸਭ ਜਿਧਰੋਂ ਆਇਆ ਹੈ ਉਸ ਰਾਹੇ ਪਵੇ।

Namdhari Elibrary NamdhariElibrary@gmail.com

ਤੁਸੀਂ ਮਨ ਮਰਜ਼ੀ ਕਰਨ ਵਾਲੇ ਗੁਰੂ ਘਰ ਦਾ ਹਰਜ ਕਰਦੇ ਹੋ। ਮੈਂ ਭੈਣੀ ਸਾਹਿਬ ਚਲੇ ਜਾਣਾ ਹੈ। ਤੇ ਤੁਹਾਨੂੰ ਇਹ ਮੇਰਾ ਕਹਿਣਾ ਕਰਨਾ ਪਵੇਗਾ। ਕਹਿ ਕਾਰ ਤੇ ਉਸ ਵੇਲੇ ਸਵਾਰ ਹੋ ਬਾਹਰ ਖੇਤਾਂ ਵਿੱਚ ਕੰਮ ਕਰਦੇ ਸਿੱਖਾਂ ਨੂੰ ਸੱਦ ਇਕੱਠਾ ਕਰ ਕਿਹਾ, ਮੈਂ ਭੈਣੀ ਸਾਹਿਬ ਚਲੇ ਜਾਣਾ ਹੈ, ਜਿਸ ਨੇ ਕਾਕੇ ਵੱਡੇ ਦੀ ਆਖਤ ਵਿੱਚ ਚਲਣਾ ਹੈ ਸੋ ਰਵ੍ਹੇ ਦੂਜਾ ਆਪਣੇ ਘਰ ਜਾਵੇ। ਨਾ ਗੁਰੂ ਘਰ ਦਾ ਹਰਜ ਕਰੇ ਨਾ ਆਪਣੇ ਘਰ ਦਾ ਹਰਜ ਕਰੇ। ਇਹ ਸੁਣ ਸਭ ਮੋਹਤਬਰਾਂ ਅਵੇਸਲਿਆਂ ਦੀਆਂ ਅੱਖਾਂ ਖੁੱਲ੍ਹ ਗਈਆਂ। ਕਈਆਂ ਘਰਾਂ ਨੂੰ ਜਾਣ ਦੀ ਤਿਆਰ ਕਰ ਲਈ ਤੇ ਕਈਆਂ ਮਨ ਅਨੁਸਾਰੀ ਬਣਾ ਬਾਬਾ ਜੀ ਦੇ ਕੋਲ ਰਹਿਣ ਦੀ ਧਾਰਨਾ ਧਾਰੀ। ਇਹ ਬਾਬਾ ਜਗਜੀਤ ਸਿੰਘ ਜੀ ਦੀ ਜਰਾਂਦ। ਸਤਿਗੁਰੂ ਜੀ ਦੀ ਆਗਿਆ ਮੰਨਦਿਆਂ ਤੇ ਦਰਦ ਸੋਚਦਿਆਂ ਮਤ ਸਤਿਗੁਰੂ ਜੀ ਨੂੰ ਸੁਣ ਔਖ ਹੋਵੇ। ਗੁਰੂ ਅਮਰਦਾਸ ਜੀ ਦਾ ਉਸ ਜੁਲਾਹੀ ਦੇ ਮਹਣਾ "ਅਮਰੂ ਨਿਥਾਵਾਂ ਹੋਵੇਗਾ" ਵਾਂਗੂੰ ਹੈ। ਗੁਰੂ ਜੀ ਵਲੋਂ ਮੇਹਰ ਦੀ ਮੋਹਰ ਲੱਗਣ ਦੀ ਵਜ੍ਹਾ ਬਣਿਆ ਤੇ ਸਤਿਗੁਰੂ ਜੀ ਨੇ ਸਭ ਨੂੰ ਸੁਣਾ ਕਹਿਆ ਸਭ ਨੂੰ ਜਗਜੀਤ ਸਿੰਘ ਦੇ ਆਖੇ ਵਿੱਚ ਰਹਿਣਾ ਪਵੇਗਾ। ਇਹ ਆਖ ਆਪ ਹਜ਼ੂਰੀ ਸਿੱਖਾਂ ਸਮੇਤ ਭੈਣੀ ਸਾਹਿਬ ਨੂੰ ਰਵਾਨਾ ਹੋਏ।

ਦੋ ਦਿਨ ਰਾਜੀ ਰਹੇ ਤੇ ਕਿਹਾ, ਮੰਡੀ ਜਾਣ ਨੂੰ ਜੀਅ ਕਰਦਾ ਏ, ਏਥੇ ਗਰਮੀ ਬਹੁਤ ਹੈ। ਸਭ ਨੇ ਸੁਣ ਚਿੰਤਾ ਕੀਤੀ ਕਿ ਦੇਹ ਬਹੁਤ ਮਾੜੀ ਹੈ। ਪਰ ਉਜਰ ਕੋਈ ਨ ਕਰ ਸਕੇ। ਸਤਿਗੁਰੂ ਜੀ ਵੱਡੇ ਬਾਬਾ ਜਗਜੀਤ ਸਿੰਘ ਜੀ ਨੂੰ

Namdhari Elibrary NamdhariElibrary@gmail.com

ਗੋਹੜ ਭਰਿਆ ਇਸ਼ਾਰਾ, ਕਿਤੇ ਕਿਸੇ ਸਿੱਖ ਦੀ ਪੁੱਛ ਦਾ ਉੱਤਰ। ਅਜਿਹੇ ਸਭ ਕਾਸੇ ਦੀ ਕੜੀ ਜੁੜਨੀ ਸ਼ੁਰੂ ਹੋਈ ੫ ਭਾਦਰੋਂ ੨੦੧੬ ਤੋਂ ਬਾਅਦ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਜੋਤੀ-ਜੋਤ ਸਮਾ ਗਏ।

੨੬ ਵੈਸਾਖ ੨੦੧੬ ਬਿਕ੍ਰਮੀ ਦੇ ਅਤੇ ਨੇੜੇ-ਤੇੜੇ ਦੇ ਸਤਿਗੁਰੂ ਜੀ ਦੇ ਕੀਤੇ ਬਚਨ, ਇਲਾਕਾ ਸ੍ਰੀ ਜੀਵਨ-ਨਗਰ ਦੇ ਨਾਮਧਾਰੀਆਂ ਦੀ ਯਾਦ ਦਾ ਇੱਕ ਅੰਗ ਬਣ ਗਏ, ਕਿਉਂਕਿ ਇਨ੍ਹਾਂ ਵਿੱਚ ਭੇਦ ਸੀ, ਜੋ ੫ ਭਾਦਰੋਂ ਤੋਂ ਬਾਅਦ ਸਪੱਸ਼ਟ ਸਮਝੀਂ ਆ ਪਿਆ। ਕਵੀ ਜਿਊਣ ਸਿੰਘ ਜੀ ਨੂੰ ੨੬ ਵੈਸਾਖ ਦੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਦਿਨ-ਚਿਰਿਆ ਯਾਦ ਏ ਉਹ ਆਖਦੇ ਨੇ ''*ਸਤਿਗੁਰੂ ਪ੍ਰਤਾਪ ਸਿੰਘ ਜੀ ੨੬ ਵੈਸਾਖ ਨੂੰ ਇਲਾਕੇ ਦੇ ਸਾਰੇ ਪਿੰਡਾਂ ਵਿੱਚ ਘੁੰਮੇ ਅਤੇ ੨੭ ਵੈਸਾਖ ਆਸਾ ਦੀ ਵਾਰ ਦੀ ਸਮਾਪਤੀ ਤੇ ਆਖਿਆ ਅਸਾਂ ਹੁਣ ਵਾਪਸ ਨਹੀਂ ਆਉਣਾ ਜਿਨ੍ਹਾਂ ਸੇਵਾ ਕੀਤੀ ਮੈਂ ਉਨ੍ਹਾਂ ਤੇ ਬਹੁਤ ਖੁਸ਼ ਹਾਂ, ਜਿਸਨੇ ਵੱਡੇ ਕਾਕੇ ਦੇ ਆਖੇ ਵਿੱਚ ਰਹਿਣਾ ਹੈ ਉਹ ਇਥੇ ਰਹੇ, ਬਾਕੀ ਤੁਰ ਜਾਣ ਆਪੋ-ਆਪਣੇ ਟਿਕਾਣਿਆਂ ਨੂੰ*''।

ਇਸ ਵਾਕਿਆ ਦਾ ਇੰਦਰਾਜ ਕਵੀ ਪ੍ਰੀਤਮ ਸਿੰਘ ਜੀ ਨੇ 8 ਮਈ 1959 ਨੂੰ ਆਪਣੀ ਡਾਇਰੀ ਵਿੱਚ ਵੀ ਕੀਤਾ ਜੋ ''ਬੀਤੇ ਦੀਆਂ ਪੈੜਾਂ ਭਾਗ-1'' ਦੇ ਪੰਨਾ 63 ਤੇ ਛਪਿਆ ਹੈ।

Namdhari Elibrary NamdhariElibrary@gmail.com

ਸਾਰੇ ਅਖਤਿਆਰ

"ਇਥੋਂ ਵਾਪਸ ਆਉਂਦੇ ਸਕਿੰਨਰੀ ਨਾਲੇ ਨੂੰ ਸਾਫ ਕਰਦੇ 15-20 ਸਿੱਖਾਂ ਨੂੰ ਸਤਿਗੁਰੂ ਜੀ ਦਰਸ਼ਨ ਦਿੱਤੇ ਤੇ ਫੁਰਮਾਇਆ ਮੇਰਾ ਪਤਾ ਨਹੀਂ ਕਦੋਂ ਆਵਾਂ ਜਾਂ ਨਾ ਆਵਾਂ ਹੁਣ ਤੋਂ ਇਥੇ ਵੱਡੇ ਕਾਕੇ ਨੇ ਰਹਿਣਾ ਹੈ। ਜਿਸਦੀ ਉਸਦੇ ਨਾਲ ਬਣਦੀ ਏ ਉਹ ਰਹੇ ਜਾਂ ਜਿਸ ਬਣਾ ਕੇ ਰੱਖਣੀ ਹੈ। ਜਿਸ ਉਸਦੇ ਆਖੇ ਨਹੀਂ ਲਗ ਸਕਣਾਂ ਉਹ ਬੇਸ਼ਕ ਬਿਸਤਰਾ ਗੋਲ ਕਰ ਲਏ। ਸਾਡੀ ਉਸਤੇ ਖੁਸ਼ੀ ਹੋਵੇਗੀ। ਹੁਣ ਸਾਰੇ ਅਖਤਿਆਰ ਵੱਡੇ ਕਾਕੇ ਪਾਸ ਹੀ ਹੋਣੇ ਹਨ।"

ਸੰਤ ਤਰਨ ਸਿੰਘ ਜੀ ਵਹਿਮੀ ਨੇ ਜੋ ਨੋਟ ਕੀਤਾ ਸੀ ਉਹ ਜੱਸ-ਜੀਵਨ ਹਿੱਸਾ 6 ਦੇ ਪੰਨਾ 340 ਤੇ ਇਵੇਂ ਛਪਿਆ ਹੈ : *"੨੭, ਵੈਸਾਖ ਆਸਾ ਦੀ ਵਾਰ ਉਪਰੰਤ ਸਤਿਗੁਰੂ ਜੀ ਸਿਰਸੇ ਸ੍ਰ. ਤੇਜਾ ਸਿੰਘ ਜੀ ਵੱਲ ਆਏ। ਸਿੱਖਾਂ ਸਿਰਸੇ ਦਿਆਂ ਤੇ ਦਵਾਲੇ ਦਿਆਂ ਦੇ ਆਇਆਂ ਅਰਜ਼ ਕੀਤੀ ਆਪ ਦਾ ਵੋਟਾਂ ਦੀ ਬਾਬਤ ਜੋ ਗੁਰਦਵਾਰਿਆਂ ਬਾਬਤ ਪੈਣੇ ਹਨ ਸਾਨੂੰ ਕੀ ਹੁਕਮ ਹੈ। ਸਤਿਗੁਰੂ ਜੀ ਉੱਤਰ ਦਿੱਤਾ, ਜੀਵਨ ਨਗਰ ਜਾਵੋ ਜਿਸਨੂੰ ਇਹੋ ਜਹੀ ਕੁੱਝ ਪੁੱਛਣ ਦੀ ਲੋੜ ਹੋਵੇ ਜਾਂ (ਜਗਜੀਤ ਸਿੰਘ) ਵੱਡੇ ਕਾਕੇ ਨੂੰ ਪੁੱਛ ਲਵੋ। ਤੁਸੀਂ ਜਾਣੋਂ ਤੇ ਉਹ ਜਾਣੇ ਅਸੀਂ ਆਪਣੇ ਵਾਜੇ ਜਿਹੋ ਜਹੇ ਵੱਜੇ ਵਜਾ ਚੱਲੇ ਹਾਂ ਕਿਸੇ ਨੇ ਸਮਝਿਆ ਹੀ ਨਾ ਕਿ ਇਹ ਕੀ ਕਹਿ ਗਏ ਹਨ ਤੇ ਸ੍ਰੀ ਸਤਿਗੁਰੂ ਜੀ ਅਰਦਾਸਾ ਕਰ ਸਮੇਤ ਹਜ਼ੂਰੀ ਸੇਵਕਾਂ ਦੇ ਸ੍ਰੀ ਭੈਣੀ ਸਾਹਿਬ ਆਏ ਦਰਸ਼ਨ ਦਿੱਤੇ।"*

ਮਾਸਟਰ ਅਜੀਤ ਸਿੰਘ ਜੀ ਚੀਮਾਂ ਦੱਸਦੇ ਹਨ,

Namdhari Elibrary NamdhariElibrary@gmail.com

''ਉਨੀਂ ਦਿਨੀਂ ਮਹਾਨ ਸੰਤ ਵਿਨੋਬਾ-ਭਾਵੇ ਜੀ ਪੰਜਾਬ ਆਏ ਹੋਏਸਨ। ਸਭ ਨੇ ਬੈਠ ਵਿਚਾਰ ਕੀਤੀ ਕਿ ਵਿਨੋਬਾ-ਭਾਵੇ ਜੀ ਨੂੰ ਸਰਕਾਰ ਦੀਆਂ ਵਧੀਕੀਆਂ ਬਾਰੇ ਦੱਸਿਆ ਜਾਵੇ। ਪਰ ਸਤਿਗੁਰੂ ਜੀ ਹੁਕਮ ਕੀਤਾ ''*ਹੁਣ ਆਪੇ ਵੱਡਾ ਕਾਕਾ ਸੰਭਾਲ ਲਵੇਗਾ।''*

ਇਹ ਤਾਂ ਸਨ ੨੬-੨੭ ਵੈਸਾਖ ੨੦੧੬ ਦੇ ਨੇੜੇ-ਤੇੜੇ ਜੀਵਨ-ਨਗਰ ਦੇ ਇਲਾਕੇ ਵਿੱਚ ਕੀਤੇ ਹੋਏ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਚਨ। ਪੰਡਿਤ ਗੋਪਾਲ ਸਿੰਘ ਜੀ ਬਹੁਤ ਪਹਿਲੋਂ ਦੀ ਗੱਲ ਦੱਸਦੇ ਨੇ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਵੱਡੇ ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਨੂੰ ਆਪਣੇ ਥਾਂ ਦੌਰਿਆਂ ਤੇ ਭੇਜਦੇ ਹੁੰਦੇ ਸਨ। ਅੰਮ੍ਰਿਤਸਰ ਜ਼ਿਲ੍ਹੇ ਵਿੱਚ ਦੌਰਾ ਸੀ ਵੱਡੇ ਬਾਬਾ ਜੀ ਆਸਣ ਤੇ ਬੈਠਿਆ ਕਰਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਿਕਟਵਰਤੀ ਅਤੇ ਪੰਡਿਤ ਜੀ ਵੱਡੇ ਬਾਬਾ ਜੀ ਦੇ ਚੁਫੇਰੇ ਬੈਠਿਆ ਕਰਦੇ ਸਨ ਅਤੇ ਵੱਡੇ ਬਾਬਾ ਜੀ ਨੂੰ ਚੌਰ ਕਰਿਆ ਕਰਦੇ ਸਨ। ਇਕ ਮੇਲੇ ਵਿੱਚ ਵੱਡੇ ਬਾਬਾ ਜੀ, (ਸਤਿਗੁਰੂ ਜਗਜੀਤ ਸਿੰਘ ਜੀ) ਆਪਣਾ ਸਥਾਨ ਗ੍ਰਹਿਣ ਕਰੀ ਬੈਠੇ ਸਨ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਵਾਨ ਵਿੱਚ ਆ ਗਏ। ਆਪ ਜੀ ਆਸਣ ਛੱਡ ਇਕ ਪਾਸੇ ਹੋ ਗਏ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਉਸੇ ਸਥਾਨ ਤੇ ਸੁਭਾਇਮਾਨ ਹੋ ਦਰਸ਼ਨ ਦੇਣ ਲੱਗੇ।

Namdhari Elibrary NamdhariElibrary@gmail.com

ਕੁਝ ਹੋਰ ਪੱਖ

ਹੁਣੇ ਦੂਸਰੇ ਪੱਖਾਂ ਤੇ ਵੀ ਨਜ਼ਰ ਮਾਰੀਏ। ਸਤਿਗੁਰੂ ਪ੍ਰਤਾਪ ਸਿੰਘ ਜੀ 1947 ਤੱਕ ਅਜ਼ਾਦੀ ਲਈ ਸੰਘਰਸ਼ ਕਰਦੇ ਰਹੇ। 1947 ਤੋਂ ਫਿਰ ਪਾਕਿਸਤਾਨ ਤੋਂ ਉੱਜੜ ਕੇ ਆਇ ਸਿੱਖਾਂ ਨੂੰ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਵਸਾਉਣਾ, ਜ਼ਮੀਨਾਂ ਦੀ ਵੰਡ-ਵੰਡਾਈ, ਜ਼ਖ਼ਮੀ ਦਿਲਾਂ ਨੂੰ ਦਿਲਾਸਾ, ਅਜਿਹੇ ਕੰਮਾਂ ਨੇ ਸਤਿਗੁਰੂ ਜੀ ਦੇ ਅਨੇਕਾਂ ਸਾਲ ਲੈ ਲਏ ਤੇ ਫਿਰ ਬੇ-ਅਰਾਮੀ ਅਤੇ ਸਿਹਤ ਦੀ ਖਰਾਬੀ ਵਾਧੂ। ਵਿਕਾਸ ਦੇ ਕੰਮ ਹਮੇਸ਼ਾਂ ਸ਼ਾਂਤੀ ਮੰਗਦੇ ਹਨ। ਜਿਹੋ ਜਹੇ ਨਾਮਧਾਰੀ ਸਮਾਜ ਦੀ ਚਿਤਵਨਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਕਰਦੇ ਰਹੇ ਸਨ, ਉਸਤੋਂ ਨਾਮਧਾਰੀ ਸੰਗਤ ਅਤੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਭਲੀ ਭਾਂਤ ਵਾਕਿਫ ਸਨ। ਅਨੇਕਾਂ ਵਾਕਿਆਤ ਹਨ। ਇਥੇ ਕੁਝ ਕੁ ਉਦਾਹਰਣਾਂ ਹੀ ਦੇ ਰਹੇ ਹਾਂ :

ਜੱਸ-ਜੀਵਨ ਹਿੱਸਾ 6 ਕ੍ਰਿਤ ਸੰਤ ਤਰਨ ਸਿੰਘ ਜੀ ਵਹਿਮੀ ਪੰਨਾ 53 *"ਸਤਿਗੁਰੂ ਜੀ ਮਲੇਰਕੋਟਲੇ ਸ਼ਹੀਦਾਂ ਦਾ ਮੇਲਾ 83 ਵਰ੍ਹਿਆਂ ਬਾਅਦ ਹਾਕਮਾਂ ਨੂੰ ਮਿਲ ਉਸੇ ਕੂਕਿਆਂ ਦੇ ਕੱਲਰ ਵਾਲੀ ਜਗ੍ਹਾ ਤੇ ਕੀਤਾ। ੪-੫ ਮਾਘ ੨੦੧੧ ਬਿਕ੍ਰਮੀ (17-18 ਜਨਵਰੀ 1955)"* ਪ੍ਰਤੱਖ ਹੈ ਸ਼ਹੀਦ ਸਿੰਘਾਂ ਦੇ ਮੇਲਿਆਂ ਦੀ ਸ਼ੁਰੂਆਤ ਹੀ 83 ਵਰ੍ਹਿਆਂ ਬਾਅਦ ਹੋ ਸਕੀ ਤੇ ਉਹ ਵੀ ਮਲੇਰ ਕੋਟਲੇ। ਅਜਿਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਚਿਤਵਨਾਂ ਸੀ ਕਿ ਸ਼ਹੀਦ ਸਿੰਘਾਂ ਦੇ ਮੇਲੇ ਹੋਣ। ਇਸੇ ਪੁਸਤਕ ਦੇ ਪੰਨਾ 359 ਤੇ

Namdhari Elibrary NamdhariElibrary@gmail.com

ਵਰਣਨ ਹੈ ਕਿ "*ਸਤਿਗੁਰੂ ਜੀ ਮੰਡੀਓਂ ਪੰਡਿਤ ਗੋਪਾਲ ਸਿੰਘ ਜੀ ਤੇ ਚੱਕਰਵਰਤੀ ਜੀ ਨੂੰ ਭੈਣੀ ਸਾਹਿਬ ਭੇਜਿਆ ਤੇ ਵੱਡੇ ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਵੱਲ ਸੁਨੇਹਾ ਦਿੱਤਾ ਕਿ ੨੧ ਸਾਉਣ ਰਾਏਕੋਟ ਵਾਲੇ ਸ਼ਹੀਦਾਂ ਗੁਰਮੁੱਖ ਸਿੰਘ, ਮੰਗਲ ਸਿੰਘ, ਮਸਤਾਨ ਸਿੰਘ ਦੇ ਮੇਲੇ ਤੇ ਸ਼ਬਦੀ ਜੱਥੇਦਾਰ ਲੈ ਕੇ ਜਾਵੇ*" ਇਹ ਮੇਲਾ ੨੧ ਸਾਉਣ ੨੦੧੬ ਨੂੰ ਕੀਤਾ ਗਿਆ। ਇਸ ਤੋਂ ਇਲਾਵਾ ਸਲਾਨਾ ਜੱਪ ਪ੍ਰਯੋਗ ਲਈ ਵੀ ਹਜ਼ੂਰ ਨੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਹੁਕਮ ਭੇਜਿਆ ਜੋ ੨੨ ਸਾਉਣ ੨੦੧੬ ਨੂੰ ਪ੍ਰਾਰੰਭ ਕਰ ਦਿੱਤਾ ਗਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮਾਂ ਤੇ ਫੁੱਲ ਚੜਾਉਂਦਿਆਂ ਅੱਜ, ਮਲੇਰਕੋਟਲੇ, ਰਾਇਕੋਟ, ਲੁਧਿਆਣੇ, ਸਰਹਿੰਦ ਅਤੇ ਅੰਮ੍ਰਿਤਸਰ ਦੇ ਸ਼ਹੀਦਾਂ ਦੇ ਮੇਲੇ ਬਹੁਤ ਹੀ ਉੱਚੀ ਪੱਧਰ ਤੇ ਮਨਾਏ ਜਾਂਦੇ ਹਨ ਅਤੇ ਸ਼ਹੀਦ ਸਿੰਘਾਂ ਦੀਆਂ ਲਾ-ਜਵਾਬ ਯਾਦਗਾਰਾਂ ਵੀ ਉੱਸਰ ਰਹੀਆਂ ਹਨ। 1997 ਤੋਂ ਸ੍ਰੀ ਸਤਿਗੁਰੂ ਜੀ ਨੇ ਸਕਰੌਦੀ, ਮੰਡੀ-ਕਲ੍ਹਾਂ, ਲੁਧਿਆਣਾ, ਚਮਕੌਰ ਸਾਹਿਬ ਅਤੇ ਸ੍ਰੀ ਭੈਣੀ ਸਾਹਿਬ ਅਕਾਲ ਬੁੰਗੇ ਤੇ ਵੀ ਮੇਲਿਆਂ ਦੀ ਸ਼ੁਰੂਆਤ ਕੀਤੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਟੇਪ ਉਪਦੇਸ਼ ਵਿੱਚ ਥਾਈਲੈਂਡ ਵਿਖੇ ਨੌਜਵਾਨਾਂ ਨੂੰ ਵੱਖਰੀ ਮੀਟਿੰਗ ਵਿੱਚ ਆਉਣ ਦਾ ਹੁਕਮ ਹੈ ਜਿਥੇ ਸਤਿਗੁਰੂ ਜੀ ਨੌਜਵਾਨਾਂ ਨੂੰ ਰਹਿਨੁਮਾਈ ਬਖਸ਼ਿਸ਼ ਕਰਿਆ ਕਰਦੇ ਸਨ। ਸਤਿਗੁਰੂ ਜਗਜੀਤ ਸਿੰਘ ਜੀ ਦੀ ਰਹਿਨੁਮਾਈ ਹੇਠ ਵਿਸ਼ਵ-ਨਾਮਧਾਰੀ ਵਿਦਿਅਕ ਜਥਾ 1965 ਤੋਂ ਇੱਕ ਖੁੱਦ-

Namdhari Elibrary NamdhariElibrary@gmail.com

ਮੁਖਤਿਆਰ ਜਥੇਬੰਦੀ ਏ ਜੋ ਸ੍ਰੀ ਹਜ਼ੂਰ ਦੇ ਹੁਕਮਾਂ ਅਨੁਸਾਰ ਆਪਣੇ ਪ੍ਰੋਗਰਾਮ ਉਲੀਕਦੀ ਏ। 1980 ਤੋਂ ਵਿਸ਼ਵ ਨਾਮਧਾਰੀ ਇਸਤ੍ਰੀ ਵਿਦਿਅਕ ਜੱਥਾ ਵੀ ਹੋਂਦ ਵਿੱਚ ਆ ਚੁੱਕਾ ਹੈ।

ਨਾਮਧਾਰੀ ਚਿੱਤਰ ਪ੍ਰਦਰਸ਼ਨੀ ਵਿੱਚ ਇੱਕ ਤਸਵੀਰ ਏ ਜਿਸ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਅਫਰੀਕਾ ਵਿੱਚ ਹਾਕੀ ਦੀ ਟੀਮ ਦੇ ਵਿਚਕਾਰ ਸ਼ੁਭਾਏਮਾਨ ਹਨ। ਫੋਟੋ ਖਿਚਵਾਣ ਲੱਗਿਆਂ ਸਤਿਗੁਰੂ ਜੀ ਨੇ ਬਚਪਨ ਦੀ ਖੇਡ ਖਿੱਦੋ-ਖੂੰਡੀ ਦਾ ਜ਼ਿਕਰ ਕੀਤਾ। ਸਾਰੇ ਭਲੀ-ਭਾਂਤ ਜਾਣਦੇ ਨੇ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਅਤੇ ਸਰਪਰਸਤੀ ਹੇਠ ਠਾਕੁਰ ਜੀ ਦੇ ਪ੍ਰਬੰਧ ਨਾਲ ਨਾਮਧਾਰੀ ਹਾਕੀ ਟੀਮ ਭਾਰਤੀ ਅਖ਼ਬਾਰਾਂ ਅਤੇ ਟੀ.ਵੀ. ਤੇ ਛਾਈ ਰਹੀ।

ਜੱਸ ਜੀਵਨ ਦੇ 6 ਭਾਗ ਦੇ 49 ਪੰਨੇ ਦੇ ਦਰਜ ਏ *''ਪ੍ਰੀਤ ਨਗਰ ਦੇ ਸ੍ਰ: ਗੁਰਬਖ਼ਸ਼ ਸਿੰਘ ਨੂੰ ਸੱਦ ਸਤਿਗੁਰੂ ਜੀ ਰੂਸ ਵੱਲ ਖੇਤੀ ਕਰਨ ਦਾ ਢੰਗ ਪੁੱਛਿਆ।''* ਸਪੱਸ਼ਟ ਹੈ ਕਿ ਸਤਿਗੁਰੂ ਜੀ ਦੀ ਇੱਛਾ ਸੀ ਕਿ ਨਾਮਧਾਰੀ ਆਧੁਨਿਕ ਢੰਗ ਅਪਣਾ, ਖੇਤੀਬਾੜੀ ਕਰਨ। ਅੱਜ ਖੇਤੀ ਮਾਹਿਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਖੇਤੀ ਫਾਰਮ ਵੇਖਣ ਆਉਂਦੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਸਦਕਾ ''*ਨਾਮਧਾਰੀ ਸੀਡਜ਼*'' ਬੰਗਲੌਰ ਵਿਖੇ ਠਾਕੁਰ ਉਦੈ ਸਿੰਘ ਜੀ ਦੇ ਪ੍ਰਬੰਧ ਹੇਠ ਇਕ ਅੰਤਰਰਾਸ਼ਟਰੀ ਅਦਾਰਾ ਬਣ ਚੁੱਕਾ ਹੈ। ਜਿਸ ਵਿੱਚ ਤਿਆਰ ਬੀਜ ਦੁਨੀਆਂ ਭਰ ਵਿੱਚ ਨਿਰਯਾਤ ਕੀਤੇ ਜਾਂਦੇ ਹਨ।

Namdhari Elibrary NamdhariElibrary@gmail.com

ਇਕ ਪੁਰਾਣੀ ਯਾਦ ਸਾਂਝੀ ਕਰਾਂਗੇ। ਜੱਥੇਦਾਰ ਪ੍ਰੀਤਮ ਸਿੰਘ ਜੀ ਪੱਧਰੀ ਜਿਨ੍ਹਾਂ ਦਾ ਜਿਕਰ ਜਸ-ਜੀਵਨ ਹਿੱਸਾ 6 ਪੰਨਾ 146 ਤੇ ਵੀ ਹੈ। ਜੱਥੇਦਾਰ ਜੀ ਦੱਸਦੇ ਨੇ ਕਿ ਉਹਨਾਂ ਦੇ ਵੱਡੇ ਸਪੁੱਤਰ ਗੁਰਦੇਵ ਸਿੰਘ ਦੀ ਕੁੰਡਲੀ ''ਭ੍ਰਿਗੂ ਸੰਹਿਤਾ'' ਗ੍ਰੰਥ ਵਿਚੋਂ ਨਿਕਲੀ ਜਿਸ ਵਿੱਚ ਵਰਣਨ ਏ ਕਿ ਇਸ ਲੜਕੇ ਦੇ ਪਿਤਾ ਦਾ ਜੋ ਗੁਰੂ (ਸਤਿਗੁਰੂ ਜਗਜੀਤ ਸਿੰਘ ਜੀ) ਹੋਵੇਗਾ। ਉਹ ਬਚਨਾਂ ਦਾ ਬਲੀ, ਪੂਰਾ ਸੂਰਾ ਅਤੇ ਸਰਬ ਕਲਾ ਸਮਰੱਥ ਏ। ਕੱਦ, ਕਾਠ ਅਤੇ ਸਰੀਰਕ ਜੁੱਸਾ ਭਾਵੇਂ ਉਸਦਾ ਬਹੁਤਾ ਭਰਵਾਂ ਨਹੀਂ ਹੋਵੇਗਾ ਪਰ ਤਾਕਤ ਪੱਖੋਂ ਉਹ ਪੂਰਾ ਸੂਰਾ ਹੋਵੇਗਾ।

ਵਹਿਮੀ ਜੀ ਜੱਸ-ਜੀਵਨ ਹਿੱਸਾ 6 ਪੰਨਾ 165 ਤੇ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਲਿਖਦੇ ਹਨ :

ਇਨ੍ਹਾਂ ਜਿਹਾ ਹੋਰ ਕੋਈ ਨਹੀਂ

''ਵੱਡੇ ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ) ਤੋਂ ਰੀਤ ਸੁਣ, ਸਤਿਗੁਰੂ ਜੀ ਬੜੇ ਖੁਸ਼ ਹੋਏ ਤੇ ਬਚਨ ਕੀਤਾ 4 ਸਾਲ ਦੀ ਉਮਰ ਵਿੱਚ ਰਾਗ ਵੱਲ ਲੱਗੇ ਹਨ। ਇਹ ਰੀਤ ਹੁਣ ਸਿੱਖੀ ਨੇ। ਹੁਣ 36ਵੇਂ ਸਾਲ ਵਿੱਚ ਹਨ ਤੇ ਕਿਹਾ ''ਸੰਸਾਰ ਤੇ ਕੋਈ ਇਨ੍ਹਾਂ ਜਿਹਾ ਨਹੀਂ।''

ਬੀਤੇ ਦੀਆਂ ਪੈੜਾਂ ਕ੍ਰਿਤ ਕਵੀ ਪ੍ਰੀਤਮ ਸਿੰਘ ਭਾਗ-1 ਪੰਨਾ 27 ਤੇ ਸ੍ਰ: ਕੇਹਰ ਸਿੰਘ ਮਾਨ ਹੁਰਾਂ ਦਾ ਜਿਕਰ ਏ ਉਹ ਆਖਦੇ ਨੇ ''*ਬਾਬਾ ਜੀ ਵੱਡੇ ਬਹੁਤ ਹੀ ਬੀਬੇ ਸੁਭਾਅ*

Namdhari Elibrary NamdhariElibrary@gmail.com

ਦੇ ਹਨ ਤੇ ਉਨ੍ਹਾਂ ਵਿੱਚ 80 ਫੀਸਦੀ ਕੋਮਲਤਾ ਅਤੇ ਤਰਸ ਹੈ।'' ਇਹ ਗੱਲ 2 ਨਵੰਬਰ 1958 ਦੀ ਏ। ਭਾਈ ਗੁਰਦਾਸ ਜੀ ਦਾ ਕਥਨ ਏ:

''ਨੌਂ ਨਿਧਿ ਨਾਮ ਗਰੀਬੀ ਪਾਈ''।।

ਅਜਿਹਾ ਸਭੋ ਕੁਝ ਜਦ ਅੱਖਾ ਸਾਹਵੇਂ ਵਿਚਰਦਾ ਏ ਤਾਂ ਗੁਰਬਾਣੀ ਦੀ ਇਹ ਤੁੱਕ ਆਪਣੇ ਆਪ ਰੂਪਮਾਨ ਹੋਈ ਜਾਪਦੀ ਏ :

ਮਾਨੁ ਕਰਉ ਤੁਧੁ ਊਪਰੇ, ਮੇਰੇ ਪ੍ਰੀਤਮ ਪਿਆਰੇ

ਇਲਾਕੇ ਜੀਵਨ-ਨਗਰ ਨਾਲ ਜੁੜੀਆਂ ਕੁੱਝ ਕੌੜੀਆਂ, ਕੁਸੈਲੀਆਂ ਯਾਦਾਂ ਵੀ ਨੇ, ਜੱਸ-ਜੀਵਨ ਵਿੱਚ ਜ਼ਿਕਰ ਆਉਂਦਾ ਏ ਕਿ *ਇਕ ਸਿੱਖ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਪਾਸ ਬੇਨਤੀ ਕੀਤੀ ਕਿ ਜਿਨ੍ਹਾਂ ਸਿੱਖਾਂ ਨੂੰ ਆਪ ਜ਼ਮੀਨਾਂ ਦੇਹ ਰਾਜੇ ਬਣਾ ਰਹੇ ਹੋ ਇਹ ਇਕ ਦਿਨ ਤੁਸਾਂ ਦੇ ਖਿਲਾਫ ਬੋਲਣਗੇ। ਸਤਿਗੁਰੂ ਜੀ ਬੱਚਨ ਕੀਤਾ ਇਹ ਮੇਰੀ ਕੌਮ ਏ, ਮੇਰੇ ਸਿੱਖ ਨੇ ਮੈਂ ਜੋ ਕੀਤਾ ਏ ਇਨ੍ਹਾਂ ਦੇ ਭਲੇ ਲਈ ਕੀਤਾ ਏ। ਕੋਈ ਮੈਨੂੰ ਬੁਰਾ, ਭਲਾ ਆਖੇ, ਮੈਨੂੰ ਕੋਈ ਫਰਕ ਨਹੀਂ ਪੈਂਦਾ।* ਇਤਿਹਾਸ ਦੱਸਦਾ ਏ, ਅਜਿਹਾ ਸਮਾਂ ਵੀ ਆਇਆ, ਕਈਆਂ ਥੋੜੀ ਮੱਤ ਵਾਲਿਆਂ ਆਪਣੀ ਕੁਮੱਤ ਵਰਤ ਸਤਿਗੁਰੂ ਜੀ ਤੋਂ ਸਰਾਪ ਵੀ ਲਏ ਅਤੇ ਉਨ੍ਹਾਂ ਨੂੰ ਭੋਗਣੇ ਵੀ ਪਏ। ਬਹੁਤਿਆਂ ਨੇ ਬਖਸ਼ਬੰਦੀ ਕਰਵਾ ਸਤਿਗੁਰੂ ਜੀ ਦੇ ਚਰਨਾਂ ਨਾਲ ਜੁੜ

Namdhari Elibrary NamdhariElibrary@gmail.com

ਖੁਸ਼ੀਆਂ ਪ੍ਰਾਪਤ ਕੀਤੀਆਂ। ਸਤਿਗੁਰੂ ਦਾ ਬਖਸ਼ਿਸ਼ ਦਾ ਦਰ ਹਮੇਸ਼ਾਂ ਖੁੱਲਾ ਏ ਗੁਰਬਾਣੀ ਵਿੱਚ ਪੰਜਵੇਂ ਪਾਤਸ਼ਾਹ ਫੁਰਮਾਉਂਦੇ ਹਨ :

ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ।
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ।।

ਪੰਨਾ 624

''ਬਾਬਾ ਜਗਜੀਤ ਸਿੰਘ ਜੀ ਦੇ ਦਰਸ਼ਨ ਦਾ ਸੁਭਾਗ ਇੱਕ ਵਾਰ ਨਿਰਯਤਨ ਹੀ ਹੋ ਗਿਆ ਤਾਂ ਅਚੰਭਤ ਸਾਂ ਕਿ ਕਿਵੇਂ ਮਹਾਰਾਜ ਪ੍ਰਤਾਪ ਸਿੰਘ ਵਾਲੇ ਹੀ ਰੂਪ ਰੰਗ, ਨੈਣ-ਨਕਸ਼ ਤੇ ਗੁਣ ਇਹਨਾਂ ਵਿੱਚ ਨਿਖਰ ਆਏ ਹਨ।''

ਐੱਸ.ਐੱਸ. ਅਮੋਲ

Namdhari Elibrary NamdhariElibrary@gmail.com

ਗੁਰੂ ਨੂੰ ਰਿਸ਼ਤਿਆਂ ਤੋਂ ਉੱਚੀ ਚੀਜ਼ ਹੈ। ਉਹ ਇਹਨਾਂ ਸਭਨਾਂ ਗਲਾਂ ਤੋਂ ਵੱਖਰੀ ਚੀਜ਼ ਹੈ। ਜਿਨ੍ਹਾਂ ਨੇ ਤਾਂ ਸਮਝ ਲਿਆ ਸਤਿਗੁਰੂ, ਉਨ੍ਹਾਂ ਨੂੰ ਤੇ ਮਿਲ ਗਿਆ ਸਭ ਕੁਝ। ਜਿਹੜੇ ਰਿਸ਼ਤੇਦਾਰੀ 'ਚ ਅੜੇ ਰਹੇ, ਉਨ੍ਹਾਂ ਦਾ ਕੁਝ ਨਹੀਂ ਬਣਦਾ।

ਸਤਿਗੁਰੂ ਪ੍ਰਤਾਪ ਸਿੰਘ ਜੀ

(ਲਾਲ ਇਹ ਰਤਨ ਵਿਚੋਂ)

"ਬਾਬਾ ਜਗਜੀਤ ਸਿੰਘ ਜੀ ਦੇ ਦਰਸ਼ਨ ਦਾ ਸੁਭਾਗ ਇੱਕ ਵਾਰ ਨਿਰਯਤਨ ਹੀ ਹੋ ਗਿਆ ਤਾਂ ਅਚੰਭਤ ਸਾਂ ਕਿ ਕਿਵੇਂ ਮਹਾਰਾਜ ਪ੍ਰਤਾਪ ਸਿੰਘ ਵਾਲੇ ਹੀ ਰੂਪ ਰੰਗ, ਨੈਣ-ਨਕਸ਼ ਤੇ ਗੁਣ ਇਹਨਾਂ ਵਿੱਚ ਨਿਖਰ ਆਏ ਹਨ।"

ਐੱਸ.ਐੱਸ. ਅਮੋਲ

Namdhari Elibrary NamdhariElibrary@gmail.com



ਜੋਤਿ ਓਹਾ ਜੁਗਤਿ ਸਾਹਿ, ਸਹਿ ਕਾਇਆ ਫੇਰਿ ਪਲਟੀਐ

Namdhari Elibrary NamdhariElibrary@gmail.com